ISSN: 2584-0509



# ਨਵੀਂ ਸਿਖਿਆ ਨੀਤੀ ਬਨਾਮ ਖੇਤਰੀ ਭਾਸ਼ਾਵਾਂ
## (ਪੰਜਾਬੀ ਭਾਸ਼ਾ ਦੇ ਵਿਸ਼ੇਸ਼ ਹਵਾਲੇ ਨਾਲ)



ਸੰਦੀਪ ਸਿੰਘ (ਡਾ.)
ਪੰਜਾਬੀ ਵਿਭਾਗ
ਅਕਾਲ ਯੂਨੀਵਰਸਿਟੀ
ਤਲਵੰਡੀ ਸਾਬੋ।
+91 9815943109

ਭਾਸ਼ਾ ਮਨੁੱਖ ਨੂੰ ਸਮਾਜਕ ਜੀਵ ਬਣਾਉਣ ਵਾਲਾ ਵਿਲੱਖਣ ਟੂਲ ਹੈ ਜੋ ਉਸ ਨੂੰ ਬਾਕੀ ਜੀਵਾਂ ਤੋਂ ਵਖਰਿਉਂਦਾ ਹੈ। ਸਮਾਜਕ ਵਿਕਾਸ ਨਾਲ ਜਿੱਥੇ ਮਨੁੱਖ ਦੀ ਭਾਸ਼ਾ ਗੁੰਝਲਦਾਰ ਹੁੰਦੀ ਗਈ ਹੈ ਉੱਥੇ ਇਸ ਨੂੰ ਸਿੱਖਣ ਸਮਝਣ ਤੇ ਇਸ ਦੀ ਅਹਿਮੀਅਤ ਬਾਰੇ ਚਰਚਾ ਕਰਨ ਦਾ ਪ੍ਰਚਲਨ ਵੀ ਵਧਦਾ ਗਿਆ ਹੈ। ਭਾਸ਼ਾਵਾਂ ਦੇ ਸਿੱਖਣ ਖਾਹਿਸ਼ ਅਤੇ ਵੱਧ ਤੋਂ ਵੱਧ ਭਾਸ਼ਾਵਾਂ ਵਿਚ ਸੰਚਾਰ ਕਰਨ ਦੀ ਸਮਰੱਥਾ ਮਨੁੱਖ ਨੂੰ ਦੂਸਰਿਆਂ ਤੋਂ ਵੱਧ ਯੋਗ ਬਣਾਉਂਦੀ ਰਹੀ ਹੈ। ਪਿਛਲੇ ਤਿੰਨ ਦਹਾਕਿਆਂ ਵਿਚ ਸੰਸਾਰ ਪੱਧਰ ਉਪਰ ਅਲੋਪ ਹੋ ਰਹੀਆਂ ਵੱਖ ਵੱਖ ਭਾਸ਼ਾਵਾਂ ਦੇ ਅੰਕੜਿਆਂ ਦੇ ਹਵਾਲੇ ਨਾਲ ਇਹ ਚਰਚਾ ਕੇਂਦਰ ਵਿਚ ਆਉਂਦੀ ਰਹੀ ਹੈ ਕਿ ਅਲੋਪ ਹੋ ਰਹੀਆਂ ਭਾਸ਼ਾਵਾਂ ਨੂੰ ਬਚਾਉਣ ਲਈ ਚਾਰਾਜੋਈ ਕਰਨੀ ਪਵੇਗੀ। ਦੁਨੀਆਂ ਵਿਚ ਵੱਖ ਵੱਖ ਭਾਸ਼ਾਵਾਂ ਦੀ ਹੋਂਦ ਬਚਾਉਣ ਲਈ ਵੱਖ ਵੱਖ ਤਰ੍ਹਾਂ ਦੇ ਉਪਰਾਲੇ ਹੋਏ ਅਤੇ ਹੋ ਰਹੇ ਹਨ। ਇਹਨਾਂ ਉਪਰਾਲਿਆਂ ਦੀ ਲੜੀ ਤਹਿਤ ਪ੍ਰਮੁਖ ਨੁਕਤਾ ਇਹ ਵਿਚਾਰਧੀਨ ਰਿਹਾ ਹੈ ਕਿ ਅਕਾਦਮਿਕ ਸਿੱਖਿਆ ਨੂੰ ਮਨੁੱਖ ਦੀ ਆਪਣੀ ਬੋਲੀ ਜਿਸ ਨੂੰ ਮਾਂ ਬੋਲੀ ਵੀ ਕਿਹਾ ਜਾਂਦਾ ਹੈ, ਨਾਲ ਜੋੜਿਆ ਜਾਵੇ। ਭਾਰਤ ਵਰਗੇ ਵਿਸ਼ਾਲ ਮੁਲਕ ਵਿਚ ਜਿੱਥੇ ਵੱਖ ਵੱਖ ਕੌਮਾਂ ਵਸਦੀਆਂ ਹਨ, ਇਹ ਹੋਰ ਵੀ ਅਹਿਮ ਹੋ ਜਾਂਦਾ ਹੈ। ਕਿਉਂਕਿ ਜਦੋਂ ਦੁਨੀਆਂ ਦੇ ਬਹੁਤੇ ਰਾਜਨੀਤਿਕ ਢਾਂਚੇ ਸਥਾਨਕ ਪਛਾਣਾਂ ਨੂੰ ਮਿਟਾ ਕੇ ਕੇਂਦਰੀਕਰਨ ਵੱਲ ਵੱਧ ਰਹੇ ਹਨ, ਉਦੋਂ ਸਥਾਨਕ ਪਛਾਣਾਂ ਦੇ ਮੂਲ ਅਧਾਰ ਭਾਸ਼ਾ ਜਿਹੇ ਮੁੱਦਿਆਂ ਉਪਰ ਧਿਆਨ ਕੇਂਦਰਿਤ ਕਰਨਾ ਬਹੁਤ ਅਹਿਮ ਚਾਰਾਜੋਈ ਹੈ। ਪਹਿਲੀ ਨਜ਼ਰੇ ਨਵੀਂ ਕੌਮੀ ਸਿੱਖਿਆ ਨੀਤੀ ਭਾਰਤ ਦੀਆਂ ਵੱਖ ਵੱਖ ਭਾਸ਼ਾਵਾਂ ਨੂੰ ਬਚਾਉਣ ਲਈ ਚਾਰਾਜੋਈ ਦੀ ਕੋਸ਼ਿਸ਼ ਜਾਪਦੀ ਹੈ। ਜੁਲਾਈ 2020 ਵਿਚ ਜਾਰੀ ਕੀਤੀ ਅਤੇ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਵੱਖ ਵੱਖ ਪੜਾਵਾਂ ਵਿਚ ਲਾਗੂ ਹੋਈ ਤੀਜੀ ਕੌਮੀ ਸਿੱਖਿਆ ਨੀਤੀ 2020 ਦਾ ਇਸ ਨਜ਼ਰੀਏ ਤੋਂ ਅਧਿਐਨ ਮਹੱਤਵਪੂਰਨ ਹੋ ਜਾਂਦਾ ਹੈ।

ਭਾਰਤ ਦੀ ਪਹਿਲੀ ਕੌਮੀ ਸਿੱਖਿਆ ਨੀਤੀ 1968 ਈ ਵਿਚ ਜਾਰੀ ਹੁੰਦੀ ਹੈ, ਇਸ ਤੋਂ ਪਹਿਲਾਂ ਭਾਰਤੀ ਕਨੂੰਨ ਅਨੁਸਾਰ ਸਿੱਖਿਆ ਦਾ ਮਸਲਾ ਸਟੇਟ ਸੂਚੀ ਵਿਚ ਸੀ। 1968 ਵਿਚ ਭਾਰਤੀ ਸੰਵਿਧਾਨ ਵਿਚ ਸੋਧ ਕਰਕੇ ਇਸ ਨੂੰ ਸਟੇਟ ਅਤੇ ਕੇਂਦਰ ਦੀ ਸਾਂਝੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ। ਕੌਮੀ ਸਿਖਿਆ ਸੂਚੀ ਸਾਰੇ ਦੇਸ਼ ਵਿਚ ਇਕੋ ਤਰ੍ਹਾਂ ਦੀ



www.khojnama.com khojnamapb03@gmail.com

ਸਿਖਿਆ ਅਤੇ ਸਿੱਖਿਆ ਨਾਲ ਸਬੰਧਤ ਇਕਸਾਰ ਅਕਾਦਮਿਕ ਢਾਂਚੇ ਦੇ ਵਿਕਾਸ ਦੀ ਭਾਵਨਾ ਕਾਰਜਸ਼ੀਲ ਸੀ। 1968 ਤੋਂ ਲਾਗੂ ਕੀਤੀ ਗਈ ਪਹਿਲੀ ਕੌਮੀ ਸਿਖਿਆ ਨੀਤੀ ਵਿਚ ਰੈਡੀਕਲ ਪੁਨਰਗਠਨ (Radical Restructuring) ਦੀ ਮਨਸ਼ਾ ਨਾਲ ਕੌਮੀ ਏਕਤਾ ਰਾਹੀਂ ਆਰਥਿਕ ਵਿਕਾਸ ਅਤੇ ਵਿਦਿਅਕ ਬਰਾਬਰੀ ਦਾ ਨਿਸ਼ਾਨਾ ਮਿਥਿਆ ਗਿਆ ਸੀ।[i] 1986 ਵਿਚ ਲਾਗੂ ਹੋਈ ਦੂਜੀ ਕੌਮੀ ਸਿੱਖਿਆ ਨੀਤੀ ਜਾਤ, ਲਿੰਗਕ ਅਤੇ ਆਰਥਿਕ ਨਾਬਰਾਬਰੀ ਨੂੰ ਦੂਰ ਕਰਕੇ ਇਕਸਾਰ ਵਿਦਿਅਕ ਮੌਕੇ ਪ੍ਰਦਾਨ ਕਰਨ ਉਪਰ ਬਲ ਦਿੰਦੀ ਸੀ।[ii] ਜੁਲਾਈ 2020 ਵਿਚ ਲਾਗੂ ਕੀਤੀ ਗਈ ਨਵੀਂ ਸਿੱਖਿਆ ਨੀਤੀ ਜਿੱਥੇ ਸਕੂਲ ਪ੍ਰਬੰਧ ਵਿਚ ਢਾਂਚਾਗਤ ਤਬਦੀਲੀਆਂ ਜਿਵੇਂ 5+3+3+4, ਅਤੇ ਉਚ ਸਿਖਿਆ ਦੌਰਾਨ ਡਿਗਰੀ ਦੇ ਵਿਚਾਲੇ ਛੱਡਣ ਅਤੇ ਪੁਨਰ ਸ਼ੁਰੂਆਤ ਦੇ ਮੌਕੇ ਉਪਲੱਬਧ ਕਰਾਉਂਦੀ ਹੈ ਉੱਥੇ ਖੇਤਰੀ ਭਾਸ਼ਾਵਾਂ ਖਾਸ ਕਰ ਮਾਂ ਬੋਲੀ ਵਿਚ ਅਧਿਐਨ ਦੇ ਮੌਕੇ ਉਪਲੱਬਧ ਕਰਾਉਣ ਦੀ ਪੇਸ਼ਕਸ਼ ਦਿੰਦੀ ਹੈ।[iii] ਕੌਮੀ ਸਿਖਿਆ ਨੀਤੀ 2020 ਦਾ ਕੇਂਦਰੀ ਨੁਕਤਾ ਹੈ ਕਿ ਵਿਦਿਆਰਥੀ ਨੂੰ ਮੁਢਲੀ ਸਿਖਿਆ ਲਈ ਬਹੁ ਭਾਸ਼ਾਈ ਵਿਕਲਪਾਂ ਅਤੇ ਮਾਧਿਅਮ ਵਜੋਂ ਭਾਸ਼ਾਈ ਚੋਣ ਦੀ ਖੁੱਲ੍ਹ ਦਿੱਤੀ ਜਾਵੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਇਸ ਤਰ੍ਹਾਂ ਦੇ ਦਾਅਵੇ 1986 ਦੀ ਕੌਮੀ ਸਿਖਿਆ ਨੀਤੀ ਵਿਚ ਵੀ ਕੀਤੇ ਗਏ ਸਨ।[iv] ਉਸੇ ਤਰਜ ਉਪਰ ਕੌਮੀ ਸਿਖਿਆ ਨੀਤੀ 2020 ਤਿੰਨ ਭਾਸ਼ਾਈ ਫਾਰਮੂਲਾ ਪੇਸ਼ ਕਰਦੀ ਹੈ, ਜਿਸ ਤਹਿਤ ਵਿਦਿਆਰਥੀ ਤਿੰਨ ਭਾਸ਼ਾਵਾਂ, ਜਿੰਨ੍ਹਾਂ ਵਿਚੋਂ ਘੱਟੋ ਘੱਟ ਦੋ ਭਾਰਤੀ ਭਾਸ਼ਾਵਾਂ, ਸਿਖ ਸਕੇਗਾ। ਨਵੀਂ ਸਿਖਿਆ ਨੀਤੀ ਖੇਤਰੀ ਭਾਸ਼ਾਵਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਦੀ ਹੈ:- ਮਾਤ ਭਾਸ਼ਾ ਅਤੇ ਘਰੇਲੂ ਭਾਸ਼ਾ (Mother Tongue/Home Language)। ਨਵੀਂ ਸਿਖਿਆ ਨੀਤੀ ਵਿਦਿਆਰਥੀਆਂ ਦੀ ਸਮਝ ਨੂੰ ਬਿਹਤਰ ਬਣਾਉਣ ਲਈ ਸ਼ੁਰੂਆਤੀ ਗ੍ਰੇਡਾਂ ਵਿੱਚ ਸਿੱਖਿਆ ਦਾ ਮਾਧਿਅਮ (5ਵੀਂ ਜਮਾਤ ਤੱਕ, ਜਾਰੀ ਰੱਖਣ ਲਈ ਉਤਸ਼ਾਹਿਤ ਕਰਨ ਦਾ ਦਾਅਵਾ ਕਰਦੀ ਹੈ।[v] ਤਿੰਨ ਭਾਸ਼ਾਈ ਫਾਰਮੂਲਾ ਲਾਗੂ ਕਰਦਿਆਂ ਸੂਬਿਆਂ ਨੂੰ ਹਿੰਦੀ ਭਾਸ਼ਾਈ ਅਤੇ ਗੈਰ ਹਿੰਦੀ ਭਾਸ਼ਾਈ ਨਾਂ ਦੀਆਂ ਦੋ ਸ਼੍ਰੇਣੀਆਂ ਵਿਚ ਵੰਡ ਕੇ ਸਮਝਿਆ ਜਾ ਸਕਦਾ ਹੈ:- ਹਿੰਦੀ ਬੋਲਣ ਵਾਲੇ ਸੂਬਿਆਂ ਵਿਚ ਹਿੰਦੀ, ਅੰਗਰੇਜ਼ੀ ਅਤੇ ਇੱਕ ਹੋਰ ਭਾਰਤੀ ਭਾਸ਼ਾ ਅਤੇ ਗੈਰ-ਹਿੰਦੀ ਬੋਲਣ ਵਾਲੇ ਸੂਬਿਆਂ ਵਿਚ ਖੇਤਰੀ ਭਾਸ਼ਾ, ਹਿੰਦੀ, ਅੰਗਰੇਜ਼ੀ ਭਾਸ਼ਾ ਦੇ ਪੜ੍ਹਾਉਣ ਦੀ ਵਿਵਸਥਾ ਹੋਵੇਗੀ। ਇਥੇ ਜ਼ਿਕਰਯੋਗ ਹੈ ਕਿ ਦੱਖਣ ਭਾਰਤੀ ਸੂਬਿਆਂ ਵਿਚ ਇਸੇ ਵੰਡ ਨੂੰ ਲੈ ਕੇ ਵਿਰੋਧ ਹੋਣਾ ਸ਼ੁਰੂ ਹੋਇਆ ਹੈ। ਹਾਲਾਂ ਕਿ ਨਵੀਂ ਸਿਖਿਆ ਨੀਤੀ ਸੂਬਿਆਂ ਨੂੰ ਭਾਸ਼ਾਈ ਚੋਣ ਦੇ ਪੂਰੇ

ਅਧਿਕਾਰ ਦਾ ਦਾਅਵਾ ਕਰਦੀ ਹੈ। However, there will be a greater flexibility in the three-language formula, and no language will be imposed on any State. (NEP 2020 Clause 4.13)[vi] ਇਹਨਾਂ ਨੁਕਤਿਆਂ ਦੇ ਬਾਵਜੂਦ ਅਕਾਦਮਿਕਤਾ ਨਾਲ ਜੁੜੇ ਵੱਡੇ ਵਰਗ ਨੇ ਇਸ ਨੀਤੀ ਦਾ ਸਵਾਗਤ ਕੀਤਾ ਕਿਉਂਕਿ ਖੇਤਰੀ ਭਾਸ਼ਾਵਾਂ ਖਾਸ ਕਰ ਮਾਂ ਬੋਲੀ ਵਿਚ ਮੁਢਲੀ ਸਿਖਿਆ ਦਾ ਨੁਕਤਾ ਬਹੁਤ ਅਹਿਮ ਹੈ। ਦੁਨੀਆਂ ਵਿਚ ਵਿਸ਼ਾ ਮਾਹਿਰਾਂ ਦੁਆਰਾ ਕੀਤੇ ਅਧਿਐਨ ਇਸ ਗੱਲ ਬਾਰੇ ਦਾਅਵਾ ਕਰਦੇ ਹਨ ਕਿ ਬੱਚੇ ਦੀ ਮੁਢਲੀ ਸਿਖਿਆ ਮਾਂ ਬੋਲੀ ਵਿਚ ਹੋਣ ਨਾਲ ਉਸ ਦੇ ਗਿਆਨ ਗ੍ਰਹਿਣ ਕਰਨ ਦੀ ਸਮਰੱਥਾ ਵਧਦੀ ਹੈ।[vii] ਜਿਸ ਤਰ੍ਹਾਂ ਨਵੀਂ ਸਿਖਿਆ ਨੀਤੀ ਉਚ ਸਿਖਿਆ ਲਈ ਵੀ ਖੇਤਰੀ ਭਾਸ਼ਾਵਾਂ ਦੀ ਵਕਾਲਤ ਕਰਦੀ ਹੈ ਉਸ ਨਾਲ ਭਾਸ਼ਾਵਾਂ ਦੇ ਪੁਨਰ ਉਥਾਨ ਦੀ ਉਮੀਦ ਬੱਝਦੀ ਹੈ। ਸਿਖਿਆ ਪ੍ਰਬੰਧ ਨਾਲ ਜੁੜੇ ਹੋਣ ਕਾਰਨ ਸਾਡਾ ਪ੍ਰਮੁਖ ਵਿਸ਼ਾ ਪੰਜਾਬੀ ਭਾਸ਼ਾ ਦੇ ਇਸ ਨੀਤੀ ਉਪਰ ਪ੍ਰਭਾਵ ਬਾਰੇ ਚਰਚਾ ਕਰਨਾ ਹੈ।

ਕੌਮੀ ਸਿਖਿਆ ਨੀਤੀ 2020 ਦੇ ਲਾਗੂ ਹੁੰਦਿਆਂ ਸਭ ਤੋਂ ਵੱਡੀ ਦਿੱਕਤ ਇਸ ਰੂਪ ਵਿਚ ਸਾਹਮਣੇ ਆਉਂਦੀ ਹੈ ਕਿ ਇਹ ਸਕੂਲੀ ਵਿਦਿਆ ਦੀ ਥਾਂ ਕਾਲਜ ਦੀ ਪੜ੍ਹਾਈ ਤੋਂ ਲਾਗੂ ਹੋ ਰਹੀ ਹੈ। ਜਿਹੜੀਆਂ ਵੀ ਸੰਸਥਾਵਾਂ ਨੇ ਇਸ ਨੂੰ ਲਾਗੂ ਕੀਤਾ ਹੈ ਉਹਨਾਂ ਵਿਚੋਂ ਵੱਡੀ ਗਿਣਤੀ ਵਿਚ ਕੇਂਦਰ ਸਰਕਾਰ ਦੇ ਅਧੀਨ ਆਉਂਦੀਆਂ ਹਨ, ਅਤੇ ਉੱਚ ਸਿੱਖਿਆ ਸੰਸਥਾਵਾਂ ਹਨ ਜਿੰਨ੍ਹਾਂ ਵਿਚ ਪੜ੍ਹਾਈ 10+2 ਤੋਂ ਬਾਅਦ ਸ਼ੁਰੂ ਹੋ ਰਹੀ ਹੈ। ਕੇਂਦਰ ਸਰਕਾਰ ਦੇ ਅਧੀਨ ਆਉਂਦੀਆਂ ਇਹਨਾਂ ਪ੍ਰਮੁਖ ਯੂਨੀਵਰਸਿਟੀਆਂ ਵਿਚ ਪਹਿਲਾਂ ਤੋਂ ਹੀ ਗ੍ਰੈਜੂਏਸ਼ਨ ਪ੍ਰੋਗਰਾਮ ਚੱਲ ਰਹੇ ਸਨ, ਅਤੇ ਹੁਣ ਵੀ ਉਸੇ ਤਰ੍ਹਾਂ ਜਾਰੀ ਹਨ। ਇਹਨਾਂ ਪ੍ਰੋਗਰਾਮਾਂ ਵਿਚੋਂ ਬਹੁਤੇ ਪ੍ਰੋਗਰਾਮ ਅੰਗਰੇਜੀ ਭਾਸ਼ਾ ਵਿਚ ਚੱਲ ਰਹੇ ਹਨ। ਬਹੁਤ ਥੋੜ੍ਹੇ ਅਨੁਸ਼ਾਸ਼ਨ ਹਿੰਦੀ ਜਾਂ ਹੋਰ ਖੇਤਰੀ ਭਾਸ਼ਾਵਾਂ ਵਿਚ ਉਪਲੱਬਧ ਹਨ। ਜਿਨ੍ਹਾਂ ਵੀ ਸੰਸਥਾਵਾਂ ਨੇ ਪਿਛਲੇ ਦੋ ਸਾਲ ਦਰਮਿਆਨ ਨਵੀਂ ਸਿਖਿਆ ਨੀਤੀ ਲਾਗੂ ਕੀਤੀ ਹੈ ਉੱਥੇ ਇਹਨਾਂ ਪ੍ਰੋਗਰਾਮਾਂ ਨੂੰ ਖੇਤਰੀ ਭਾਸ਼ਾਵਾਂ ਵਿਚ ਸ਼ੁਰੂ ਕਰਨ ਦੀ ਨੀਤੀ ਦੇ ਅਮਲ ਵਿਚ ਆਉਣ ਦਾ ਕੋਈ ਸਬੂਤ ਨਹੀਂ ਮਿਲਦਾ। ਹੋਣਾਂ ਤਾਂ ਇਹ ਚਾਹੀਦਾ ਸੀ ਕਿ ਨਵੀਂ ਸਿੱਖਿਆ ਨੀਤੀ ਸਕੂਲ ਪੱਧਰ ਤੋਂ ਲਾਗੂ ਹੁੰਦੀ ਅਤੇ ਖੇਤਰੀ ਭਾਸ਼ਾਵਾਂ ਵਿਚ ਸ਼ੁਰੂ ਕੀਤੀ ਪੜ੍ਹਾਈ ਉਪਰਲੀਆਂ ਕਲਾਸਾਂ ਤੱਕ ਉਸੇ ਤਰ੍ਹਾਂ ਜਾਰੀ ਰਹਿੰਦੀ। ਜਿਸ ਤਰ੍ਹਾਂ ਕਿ ਨਵੀਂ ਸਿੱਖਿਆ ਨੀਤੀ ਵਿਚ ਦਾਅਵਾ ਕੀਤਾ ਜਾ ਰਿਹਾ ਸੀ ਕਿ ਅਧਿਐਨ ਪੁਸਤਕਾਂ ਖੇਤਰੀ ਭਾਸ਼ਾਵਾਂ ਵਿਚ ਤਿਆਰ ਕੀਤੀਆਂ ਜਾਣਗੀਆਂ ਉਹ

ਅਮਲ ਵਿਚ ਆਉਂਦਾ। ਪ੍ਰੰਤੂ ਇਹ ਉਮੀਦ ਸਿਰਫ ਲਿਖਤ ਵਿਚ ਰਹਿ ਗਈ ਹੈ। ਯੂਨੀਵਰਸਿਟੀਆਂ ਵਿਚ ਪੁਰਾਣੀ ਸਿਖਿਆ ਨੀਤੀ ਤਹਿਤ ਚੱਲ ਰਹੇ ਕੋਰਸਾਂ ਦੇ ਸਿਰਫ ਕ੍ਰੈਡਿਟ ਢਾਂਚੇ ਵਿਚ ਤਬਦੀਲੀ ਵਾਪਰੀ ਹੈ, ਹੋਰ ਕੋਈ ਸਿਫਤੀ ਤਬਦੀਲੀ ਨਜ਼ਰ ਨਹੀਂ ਆਉਂਦੀ।

ਵੱਖ ਵੱਖ ਯੂਨੀਵਰਸਿਟੀਆਂ ਦੇ ਚੱਲ ਰਹੇ ਪ੍ਰੋਗਰਾਮਾਂ ਦੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਖੇਤਰੀ ਭਾਸ਼ਾਵਾਂ ਵਿਚ ਅਧਿਐਨ ਦੇ ਹਵਾਲੇ ਨਾਲ ਜਿਆਦਾਤਰ ਸੰਸਥਾਵਾਂ ਵੱਲੋਂ ਸਿਰਫ ਸਬੰਧਤ ਭਾਸ਼ਾਵਾਂ ਵਿਚ ਪ੍ਰੋਗਰਾਮ ਚਲਾਏ ਜਾ ਰਹੇ ਹਨ। ਉਦਾਹਰਨ ਦੇ ਤੌਰ ਤੇ ਪੰਜਾਬ ਦੀਆਂ ਜਿੰਨ੍ਹਾਂ ਸੰਸਥਾਵਾਂ ਵਿਚ ਬੀ.ਏ. ਆਨਰਜ਼ ਪ੍ਰੋਗਰਾਮ ਚਲ ਰਹੇ ਹਨ ਉਥੇ ਪੰਜਾਬੀ ਆਨਰਜ਼ ਪ੍ਰੋਗਰਾਮ ਉਪਲੱਬਧ ਹੈ। ਪੰਜਾਬੀ ਮਾਧਿਅਮ ਵਿਚ ਚੱਲ ਰਹੇ ਪ੍ਰੋਗਰਾਮਾਂ ਸਬੰਧੀ ਗਿਣਤੀ ਉਤਸ਼ਾਹਪੂਰਨ ਨਹੀਂ ਹੈ। ਪੰਜਾਬ ਦੀਆਂ ਪਬਲਿਕ ਯੂਨਿਵਰਸਿਟੀਆਂ ਵਿਚ ਬੀ.ਏ ਪੱਧਰ ਉਪਰ ਸੋਸ਼ਲ ਸਾਇੰਸ ਨਾਲ ਸਬੰਧਤ ਕੋਰਸਾਂ ਨੂੰ ਪੰਜਾਬੀ ਮਾਧਿਅਮ ਵਿਚ ਪੜ੍ਹਾਇਆ ਜਾ ਰਿਹਾ ਹੈ। ਬਿਨਾਂ ਸ਼ੱਕ ਪੰਜਾਬੀ ਯੂਨੀਵਰਸਿਟੀ ਇਸ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ। ਪਰ ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਵਿਚ ਸਥਿਤੀ ਨਿਰਾਸ਼ਾਜਨਕ ਹੈ। ਚੰਡੀਗੜ੍ਹ ਯੂਨੀਵਰਸਿਟੀ ਇਸ ਦੀ ਪ੍ਰਤੱਖ ਉਦਾਹਰਨ ਹੈ, ਜਿਸ ਵਿਚ ਚੱਲ ਰਹੇ ਪ੍ਰੋਗਰਾਮਾਂ ਵਿਚ ਇਕ ਵੀ ਪ੍ਰੋਗਰਾਮ ਪੰਜਾਬੀ ਮਾਧਿਅਮ ਵਿਚ ਨਹੀਂ ਹੈ। ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਰਗੀਆਂ ਨਾਮੀ ਸੰਸਥਾਵਾਂ ਸਿਰਫ ਬੀ. ਏ ਪੱਧਰ ਦੇ ਪ੍ਰਾਈਵੇਟ ਪ੍ਰੋਗਰਾਮ (Distance Learning Programmes) ਪੰਜਾਬੀ ਮਾਧਿਅਮ ਵਿਚ ਉਪਲੱਬਧ ਹਨ। ਕਿਸੇ ਵੀ ਪ੍ਰਾਈਵੇਟ ਯੂਨੀਵਰਸਿਟੀ ਵਿਚ ਗ੍ਰੈਜੂਏਸ਼ਨ ਪੱਧਰ ਉਪਰ ਕੋਈ ਤਕਨੀਕੀ ਕੋਰਸ ਪੰਜਾਬੀ ਭਾਸ਼ਾ ਵਿਚ ਉਪਲੱਬਧ ਨਹੀਂ ਹੈ। ਇਥੋਂ ਤੱਕ ਕਿ ਪਬਲਿਕ ਯੂਨੀਵਰਸਿਟੀਆਂ ਵਿਚ ਦੀ ਸਿਰਫ ਸੋਸ਼ਲ ਸਾਇੰਸਜ ਦੇ ਗਿਣਵੇਂ ਚੁਣਵੇਂ ਪ੍ਰੋਗਰਾਮ ਹੀ ਪੰਜਾਬੀ ਮਾਧਿਅਮ ਵਿਚ ਉਪਲੱਬਧ ਹਨ, ਹਾਲਾਂਕਿ ਪੰਜਾਬੀ ਯੂਨਿਵਰਸਿਟੀ ਇਸ ਵਿਚ ਖਾਸ ਕੇਸ ਹੈ।


ਗ੍ਰੈਜੂਏਸ਼ਨ ਤੋਂ ਬਾਅਦ ਜੇਕਰ ਮਾਸਟਰ ਪ੍ਰੋਗਰਾਮਾਂ ਉਪਰ ਝਾਤ ਮਾਰਦੇ ਹਾਂ ਤਾਂ ਪਤਾ ਲੱਗਦਾ ਹੈ ਇਸ ਮਾਮਲੇ ਵਿਚ ਹਾਲਾਤ ਇਸ ਤੋਂ ਨਾਸਾਜ਼ ਹਨ। ਮਾਸਟਰ ਪੱਧਰ ਦਾ ਸਾਇੰਸ ਨਾਲ ਸਬੰਧਤ ਇਕ ਵੀ ਕੋਰਸ ਪੂਰੇ ਪੰਜਾਬ ਵਿਚ ਪੰਜਾਬੀ ਮਾਧਿਅਮ ਵਿਚ ਉਪਲੱਬਧ ਨਹੀਂ ਹੈ। ਸੋਸ਼ਲ ਸਾਇੰਸ ਨਾਲ ਸਬੰਧਤ ਕੁਝ ਡਸਿਪਲਨਾਂ ਵਿਚ ਖਾਸ ਕਰ ਪਬਲਿਕ

ਯੂਨੀਵਰਸਿਟੀਆਂ ਵਿਚ ਪੰਜਾਬੀ ਮਾਧਿਅਮ ਦੀ ਆਪਸ਼ਨ ਹੈ, ਪਰ ਆਮ ਤੌਰ ਤੇ ਅਧਿਆਪਕਾਂ ਵੱਲੋਂ ਅਧਿਐਨ ਸਮੱਗਰੀ ਦੀ ਘਾਟ ਦਾ ਮੁੱਦਾ ਉਠਾਇਆ ਜਾਂਦਾ ਹੈ। ਇਥੋਂ ਤੱਕ ਕਿ ਵਿਦਿਆਰਥੀਆਂ ਨੂੰ ਪ੍ਰਸ਼ਨ ਪੱਤਰ ਵੀ ਅੰਗਰੇਜੀ ਮਾਧਿਅਮ ਵਿਚ ਹੀ ਉਪਲੱਬਧ ਕਰਵਾਏ ਜਾਂਦੇ ਹਨ। ਬੇਸ਼ੱਕ ਨਵੀਂ ਸਿਖਿਆ ਨੀਤੀ ਭਵਿਖ ਵਿਚ ਅਜਿਹੇ ਵਿਕਲਪਾਂ ਦੇ ਖੁੱਲ੍ਹਣ ਦਾ ਦਾਅਵਾ ਕਰਦੀ ਹੈ, ਪਰ ਖੇਤਰੀ ਭਾਸ਼ਾਵਾਂ ਵਿਚ ਅਧਿਐਨ ਸਮੱਗਰੀ ਦੀ ਘਾਟ ਦਾ ਨੁਕਤਾ ਜਾਂ ਬਹਾਨਾ ਇਹਨਾਂ ਸੰਭਾਵਨਾਵਾਂ ਨੂੰ ਪੁੰਗਰਨ ਤੋਂ ਪਹਿਲਾਂ ਹੀ ਖਤਮ ਕਰਨ ਲਈ ਤਿਆਰ ਖੜ੍ਹਾ ਹੈ।


ਆਪਣੀ ਗੱਲ ਨੂੰ ਸਮੇਟਣ ਤੋਂ ਪਹਿਲਾਂ ਕੌਮੀ ਸਿਖਿਆ ਨੀਤੀ 2020 ਦੇ ਕ੍ਰੈਡਿਟ ਢਾਂਚੇ ਨੂੰ ਵੀ ਸਮਝਣਾ ਜਰੂਰੀ ਹੈ। ਨਵੀ ਸਿਖਿਆ ਨੀਤੀ ਕੋਰਸਾਂ ਨੂੰ DSC (Discipline Specific Core Courses) ਅਨੁਸ਼ਾਸਨ ਵਿਸ਼ੇਸ਼ ਕੋਰ ਕੋਰਸ, DSE Discipline Specific Elective Courses ਅਨੁਸ਼ਾਸਨ ਵਿਸ਼ੇਸ਼ ਚੋਣਵੇਂ ਕੋਰਸ, Minor or GE (Minor or Generic Elective Courses) ਗੌਣ ਜਾਂ ਸਧਾਰਨ ਚੋਣਵੇਂ ਕੋਰਸ ਬਹੁ-ਅਨੁਸ਼ਾਸਨੀ ਕੋਰਸ, MDC (Multi-disciplinary Courses) ਬਹੁ-ਅਨੁਸ਼ਾਸਨੀ ਕੋਰਸ, SEC (Skill Enhancement Courses) ਨਿਪੁੰਨਤਾ ਵਧਾਊ ਕੋਰਸ , VAC (Value Added Courses) ਗੁਣ ਵਧਾਊ ਕੋਰਸ ਅਤੇ AEC (Ability Enhancement Courses) ਯੋਗਤਾ ਵਧਾਊ ਕੋਰਸ ਦੀ ਸ਼੍ਰੇਣੀ ਵਿਚ ਵੰਡਦੀ ਹੈ। ਇਹ ਵੰਡ ਵੱਖ-ਵੱਖ ਸ਼੍ਰੇਣੀਆਂ ਦੇ ਕ੍ਰੈਡਿਟਾਂ ਦੀ ਗਿਣਤੀ ਦੇ ਆਧਾਰ ‘ਤੇ ਉਹਨਾਂ ਦੀ ਅਹਿਮੀਅਤ ਦਰਸਾਉਂਦੀ ਹੈ। ਇਕ ਪ੍ਰਮੁਖ ਕੋਰਸ (Single Major) ਗ੍ਰੈਜੂਏਸ਼ਨ ਦੇ ਚਾਰ ਸਾਲਾ ਢਾਂਚੇ ਨੂੰ ਅੱਗੇ ਚਿੱਤਰ ਵਿੱਚ ਦਰਸਾਇਆ ਗਿਆ ਹੈ:-

ਖੋਜਨਾਮਾ ISSN: 2584-0509





ਇਥੇ ਇਹ ਨੁਕਤਾ ਸਮਝਣਯੋਗ ਹੈ ਕਿ AEC (Ability Enhancement Courses) ਯੋਗਤਾ ਵਧਾਊ ਕੋਰਸ ਅਧੀਨ ਭਾਸ਼ਾ ਪੜ੍ਹਾਈ ਜਾਣੀ ਹੈ। ਗ੍ਰੈਜੂਏਸ਼ਨ ਕਰ ਰਹੇ ਵਿਦਿਆਰਥੀ ਇਸ ਤਹਿਤ ਅੰਗਰੇਜੀ ਜਾਂ ਕੋਈ ਹੋਰ ਭਾਰਤੀ ਭਾਸ਼ਾ (MIL) ਵਿਚੋਂ ਕੋਈ ਇਕ ਚੁਣ ਸਕਦੇ ਹਨ। ਨਵੀਂ ਸਿਖਿਆ ਨੀਤੀ ਦੇ ਲਾਗੂ ਹੋਣ ਤੋਂ ਪਹਿਲਾਂ ਪ੍ਰਚੱਲਤ ਗ੍ਰੈਜੂਏਸ਼ਨ ਆਨਰਜ਼ (UG Honors) ਦੇ ਕ੍ਰੈਡਿਟ ਢਾਂਚੇ (UG Credit system) ਵਿਚ ਵਿਦਿਆਰਥੀ ਭਾਸ਼ਾ ਨਾਲ ਸਬੰਧਤ ਕੋਰ ਹਰੇਕ ਸਮੈਸਟਰ ਵਿਚ ਪੜ੍ਹਦਾ ਸੀ ਜੋ ਕਿ ਹਰੇਕ ਸਮੈਸਟਰ ਵਿਚ ਚਾਰ ਕ੍ਰੈਡਿਟ ਦਾ ਸੀ। ਸੂਬਿਆਂ ਦੀਆਂ ਪਬਲਿਕ ਯੂਨੀਵਰਸਿਟੀਆਂ ਵਿਚ ਪੜ੍ਹਾਏ ਜਾ ਰਹੇ ਬੀ. ਏ. ਪਾਸ ਕੋਰਸ ਵਿਚ ਤਾਂ ਵਿਦਿਆਰਥੀ ਅੰਗਰੇਜੀ ਅਤੇ ਭਾਰਤੀ ਸੰਵਿਧਾਨ ਤਹਿਤ ਪ੍ਰਵਾਨਿਤ ਖੇਤਰੀ ਭਾਸ਼ਾ (Modern Indian Languages) ਸਮੇਤ ਦੋ ਭਾਸ਼ਾਵਾਂ ਪੜ੍ਹਦਾ ਸੀ। ਜਦਕਿ ਹੁਣ ਇਸ ਤਰ੍ਹਾਂ ਦੇ ਕੋਰਸ, ਜਿਸ ਨੂੰ ਬਹੁ ਅਨੁਸ਼ਾਸ਼ਨੀ (Multidisciplinary Program) ਦਾ ਨਾਂ ਦਿੱਤਾ ਗਿਆ ਹੈ, ਵਿਚ ਸਿਰਫ ਇਕੋ ਭਾਸ਼ਾ ਪੜ੍ਹਨ ਦਾ ਹੀ ਸੁਵਿਧਾ ਹੈ। ਭਾਵ ਵਿਦਿਆਰਥੀ ਅੰਗਰੇਜੀ ਜਾਂ ਭਾਰਤੀ ਸੰਵਿਧਾਨ ਤਹਿਤ ਪ੍ਰਵਾਨਿਤ ਖੇਤਰੀ ਭਾਸ਼ਾਵਾਂ (Modern Indian Languages) ਵਿਚੋਂ ਕੋਈ ਇਕ ਭਾਸ਼ਾ ਪੜ੍ਹ ਸਕੇਗਾ। ਇਥੇ ਇਹ ਵੀ ਗੌਰ ਕਰਨ ਯੋਗ ਹੈ ਕਿ ਜਦੋਂ ਵਿਦਿਆਰਥੀ ਕੋਲ ਅੰਗਰੇਜੀ ਅਤੇ ਖੇਤਰੀ ਭਾਸ਼ਾ (MIL) ਭਾਸ਼ਾ ਵਿਚੋਂ ਸਿਰਫ ਇਕ ਦੀ ਚੋਣ ਕਰਨ ਦੀ ਬੰਦਿਸ਼ ਹੋਵੇਗੀ ਤਾਂ ਬਹੁ ਗਿਣਤੀ ਵਿਦਿਆਰਥੀ ਅੰਗਰੇਜੀ ਨੂੰ ਹੀ ਚੁਣਨਗੇ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਨਵੀਂ ਸਿਖਿਆ ਨੀਤੀ ਤਹਿਤ AEC (Ability Enhancement Courses) ਯੋਗਤਾ ਵਧਾਊ ਕੋਰਸ ਅਧੀਨ ਕੋਰਸਾਂ ਦੀ ਕ੍ਰੈਡਿਟ ਗਿਣਤੀ ਬਿਲਕੁਲ ਨਿਗੂਣੀ ਰਹਿ ਗਈ ਹੈ। AEC (Ability Enhancement Courses) ਯੋਗਤਾ ਵਧਾਊ ਕੋਰਸ ਅਧੀਨ ਵਿਚ 2-2 ਕ੍ਰੈਡਿਟ ਦੇ ਚਾਰ ਕੋਰਸ ਆਉਂਦੇ ਹਨ। ਇਸ ਤਰ੍ਹਾਂ ਕਿਸੇ ਵਿਚ ਇਕ ਪ੍ਰਮੁਖ ਕੋਰਸ ਅਧਾਰਤ ਗ੍ਰੈਜੂਏਸ਼ਨ (UG Singal Major) ਜਾਂ ਬਹੁ ਅਨੁਸ਼ਾਸ਼ਨੀ (UG Multidisciplinary) ਵਿਚ ਭਾਸ਼ਾ ਸੰਬੰਧੀ ਕੋਰਸਾਂ (Ability Enhancement Courses) ਦੇ ਕੁੱਲ 8 ਕ੍ਰੈਡਿਟ ਬਣਦੇ ਹਨ। ਜੋ ਕਿ ਚਾਰ ਸਾਲਾ ਗ੍ਰੈਜੂਏਸ਼ਨ ਦੇ ਕੁੱਲ 139 ਕ੍ਰੈਡਿਟਾਂ ਦਾ ਸਿਰਫ 8.4% ਬਣਦਾ ਹੈ। ਸਾਰੀ ਗ੍ਰੈਜੂਏਸ਼ਨ ਵਿਚ ਕ੍ਰੈਡਿਟਾਂ ਦੀ ਵੰਡ ਅੱਗੇ ਦਰਸਾਈ ਗਈ ਹੈ:-




ਨਵੀਂ ਸਿੱਖਿਆ ਨਿਤੀ ਤਹਿਤ ਪ੍ਰਸਤਾਵਿਤ ਇਸ ਢਾਂਚੇ ਰਾਹੀਂ ਇਹ ਸਪੱਸ਼ਟ ਹੁੰਦਾ ਹੈ ਕਿ ਕੋਰਸਾਂ ਦੀਆਂ ਵੱਖ ਵੱਖ ਸ਼੍ਰੇਣੀਆਂ ਜਿਵੇਂ DSC (Discipline Specific Core Courses) ਅਨੁਸ਼ਾਸਨ ਵਿਸ਼ੇਸ਼ ਕੋਰ ਕੋਰਸ, DSE Discipline Specific Elective Courses ਅਨੁਸ਼ਾਸਨ ਵਿਸ਼ੇਸ਼ ਚੋਣਵੇਂ ਕੋਰਸ, Minor or GE (Minor or Generic Elective Courses) ਗੌਣ ਜਾਂ ਸਧਾਰਨ ਚੋਣਵੇਂ ਕੋਰਸ ਬਹੁ-ਅਨੁਸ਼ਾਸਨੀ ਕੋਰਸ, MDC (Multi-disciplinary Courses) ਬਹੁ-ਅਨੁਸ਼ਾਸਨੀ ਕੋਰਸ, SEC (Skill Enhancement Courses) ਨਿਪੁੰਨਤਾ ਵਧਾਊ ਕੋਰਸ , VAC (Value Added Courses) ਗੁਣ ਵਧਾਊ ਕੋਰਸ ਅਤੇ AEC (Ability Enhancement Courses) ਯੋਗਤਾ ਵਧਾਊ ਕੋਰਸ ਵਿਦਿਆਰਥੀ ਦੇ ਬਹੁ ਪੱਖੀ ਵਿਕਾਸ ਵਿਚ ਸਹਾਈ ਹੋ ਸਕਦੀਆਂ ਹਨ। ਪ੍ਰੰਤੂ ਭਾਸ਼ਾ ਦੀ ਅਹਿਮੀਅਤ ਉਪਰ ਬਲ ਦੇਣ ਦਾ ਦਾਅਵਾ ਕਮਜੋਰ ਪੈਂਦਾ ਦਿਖਾਈ ਦਿੰਦਾ ਹੈ।

ਨਵੀਂ ਸਿਖਿਆ ਨੀਤੀ ਸਿਰਫ ਸੋਸ਼ਲ ਸਾਇੰਸਜ਼ ਹੀ ਨਹੀਂ ਬਲਕਿ ਸਇੰਸ ਅਤੇ ਤਕਨੀਕੀ ਅਨੁਸ਼ਾਸ਼ਨਾਂ ਨੂੰ ਖੇਤਰੀ ਭਾਸ਼ਾਵਾਂ ਵਿਚ ਪੜ੍ਹਾਉਣ ਦਾ ਸੰਕਲਪ ਤਾਂ ਦਿੰਦੀ ਹੈ ਪਰ ਇਸ ਦੀ ਵਿਹਾਰਕ ਪੱਧਰ ਉਪਰ ਕਾਮਯਾਬੀ ਹਾਲੇ ਭਵਿਖ ਦੇ ਗਰਭ ਵਿਚ ਹੈ। ਸਾਰੇ ਅਨੁਸਾਸ਼ਨਾਂ ਨਾਲ ਸਬੰਧਤ ਅਧਿਐਨ ਸਮੱਗਰੀ ਦਾ ਖੇਤਰੀ ਭਾਸ਼ਾਵਾਂ ਵਿਚ ਅਨੁਵਾਦ ਸਭ ਤੋਂ ਵੱਡੀ ਚੁਣੌਤੀ ਹੈ। ਕਿਉਂਕਿ ਇਸ ਕਾਰਜ ਬਿਨਾਂ ਬਾਕੀ ਸਾਰੇ ਮਸਲੇ ਸਿਰਫ ਕਾਗ਼ਜ਼ੀ ਸਾਬਿਤ ਹੋਣਗੇ। ਪਰ ਕਿਤੇ ਵੀ ਪੁੱਜਣ ਲਈ ਪਹਿਲਾ ਕਦਮ ਚੁੱਕਣਾ ਹੀ ਪੈਂਦਾ ਹੈ, ਨਵੀਂ ਸਿਖਿਆ

ਨੀਤੀ ਰਾਹੀਂ ਇਹ ਕਦਮ ਪੁੱਟਿਆ ਗਿਆ ਮਹਿਸੂਸ ਹੁੰਦਾ ਹੈ। ਅਗਲੇ ਕਦਮ ਵਜੋਂ ਸਭ ਤੋਂ ਅਹਿਮ ਕਾਰਜ ਇਸ ਮਨੋ ਬਣਤਰ (Mind Set) ਨੂੰ ਤੋੜਨ ਦਾ ਹੋਵੇਗਾ ਜੋ ਇਹ ਮੰਨਦਾ ਹੈ ਕਿ ਸਾਇੰਸ ਜਾਂ ਤਕਨੀਕੀ ਗਿਆਨ ਅੰਗਰੇਜੀ ਭਾਸ਼ਾ ਬਿਨਾਂ ਸੰਭਵ ਨਹੀਂ ਹੈ। ਜੇਕਰ ਅਸੀਂ ਇਸ ਵਿਚ ਕਾਮਯਾਬ ਹੁੰਦੇ ਹਾਂ ਤਾਂ ਬਿਨਾਂ ਸ਼ੱਕ ਸਮਾਜ ਵਿੱਚ ਹਾਸ਼ੀਏ ਤੇ ਧੱਕੇ ਉਹਨਾਂ ਬੱਚਿਆਂ ਲਈ ਗਿਆਨ ਦਾ ਰਾਹ ਖੁਲ੍ਹੇਗਾ ਜਿੰਨ੍ਹਾਂ ਦੇ ਰਾਹ ਦੀ ਸਭ ਤੋਂ ਵੱਡੀ ਦੀਵਾਰ ਭਾਸ਼ਾ ਬਣੀ ਹੋਈ ਹੈ। ਅਸੀਂ ਇਹ ਜਾਣਦੇ ਹਾਂ ਕਿ ਇਹ ਹੀ ਉਹ ਵਰਗ ਜਿਸ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ।

**ਹਵਾਲੇ**

---

[i] https://eduindex.org/2021/06/27/education-policy-from-1968-2020/
[ii] Ibid
[iii] https://www.education.gov.in/sites/upload_files/mhrd/files/NEP_Final_English_0.pdf
[iv] https://www.education.gov.in/sites/upload_files/mhrd/files/upload_document/npe.pdf page 150
[v] National Education Policy 2020, Ministry of Human Resource Development, Government of India, page 13
[vi] Ibid, Page 14
[vii] https://www.unicef.org/india/stories/learning-mother-tongue-best-start-education